Mobilizing the Participant Voice

# MyCap ਭਾਗੀਦਾਰ ਗਾਈਡ




## MyCap ਐਪ ਕੀ ਹੈ?

MyCap ਇੱਕ ਮੋਬਾਈਲ ਐਪਲੀਕੇਸ਼ਨ (ਐਪ) ਹੈ ਜੋ ਲੋਕਾਂ ਨੂੰ ਸੋਧ ਗਤੀਵਿਧੀਆਂ ਨੂੰ ਪੂਰਾ ਕਰਨ ਅਤੇ iOS (v11.0+) ਅਤੇ ਐਂਡਰੌਇਡ ਡਿਵਾਈਸਾਂ (v5.0+) ਤੋਂ ਅਧਿਐਨ ਟੀਮਾਂ ਦੇ ਨਾਲ ਸੰਚਾਰ ਕਰਨ ਦੀ ਆਗਿਆ ਦਿੰਦੀ ਹੈ। MyCap ਨੂੰ ਕਿਸੇ ਵੀ ਮੋਬਾਈਲ ਡਿਵਾਈਸ ਤੇ Google Play ਜਾਂ Apple App Store ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

## ਕੀ ਮੇਰੀ ਜਾਣਕਾਰੀ MyCap ਤੇ ਸੁਰੱਖਿਅਤ ਰਹਿੰਦੀ ਹੈ?

ਹਾਂ, MyCap ਵਿੱਚ ਦਰਜ ਕੀਤੀ ਸਾਰੀ ਜਾਣਕਾਰੀ ਸਿੱਧਾ ਇੱਕ ਸੁਰੱਖਿਅਤ ਇਲੈਕਟ੍ਰਾਨਿਕ ਅਧਿਐਨ ਡੇਟਾਬੇਸ ਵਿੱਚ ਭੇਜੀ ਜਾਂਦੀ ਹੈ। ਜੇਕਰ ਗਤੀਵਿਧੀ ਦੇ ਪੂਰਾ ਹੋਣ ਸਮੇਂ ਇੰਟਰਨੈੱਟ ਉਪਲਬਧ ਨਹੀਂ ਹੁੰਦਾ, ਤਾਂ ਇੰਟਰਨੈੱਟ ਕਨੈਕਸ਼ਨ ਦੇ ਰੀਸਟੋਰ ਹੋਣ ਅਤੇ ਐਪ ਦੇ ਦੁਬਾਰਾ ਖੋਲ੍ਹਣ ਤੱਕ ਇਹ ਜਾਣਕਾਰੀ ਤੁਹਾਡੇ ਡਿਵਾਈਸ ਵਿੱਚ ਸਟੋਰ ਰਹਿੰਦੀ ਹੈ। MyCap ਤੁਹਾਡੇ ਡਿਵਾਈਸ ਵਿੱਚ ਜਾਣਕਾਰੀ ਜਿਵੇਂ ਕਿ ਤੁਹਾਡੇ ਸੰਪਰਕਾਂ, ਸੁਨੇਹਿਆਂ ਜਾਂ ਸਥਾਨ ਤੱਕ ਪਹੁੰਚ ਨਹੀਂ ਕਰੇਗਾ।

## MyCap ਵਿੱਚ ਅਧਿਐਨ ਜਾਂ ਪ੍ਰੋਜੈਕਟ ਵਿੱਚ ਕਿਵੇਂ ਸ਼ਾਮਲ ਹੋਇਆ ਜਾ ਸਕਦਾ ਹੈ?

ਅਧਿਐਨ ਟੀਮਾਂ MyCap ਤੇ ਕਿਸੇ ਅਧਿਐਨ ਵਿੱਚ ਸ਼ਾਮਲ ਹੋਣ ਲਈ ਤੁਹਾਡੇ ਨਾਲ ਇੱਕ ਹਾਈਪਰਲਿੰਕ ਜਾਂ QR ਕੋਡ ਸਾਂਝਾ ਕਰਨਗੀਆਂ। ਬਹੁਤ ਸਾਰੇ ਲੋਕ ਅਧਿਐਨਾਂ ਵਿੱਚ ਸ਼ਾਮਲ ਹੋਣ ਲਈ ਅਤੇ ਗਤੀਵਿਧੀਆਂ ਨੂੰ ਪੂਰਾ ਕਰਨ ਲਈ ਇੱਕੋ ਡਿਵਾਈਸ ਦੀ ਵਰਤੋਂ ਕਰ ਸਕਦੇ ਹਨ। ਉਦਾਹਰਣ ਲਈ, ਬੱਚੇ ਅਤੇ ਦੇਖਭਾਲ ਪ੍ਰਦਾਤੇ ਸੋਧ ਗਤੀਵਿਧੀਆਂ ਨੂੰ ਪੂਰਾ ਕਰਨ ਲਈ ਇੱਕੋ ਡਿਵਾਈਸ ਤੇ ਅਲੱਗ-ਅਲੱਗ ਪ੍ਰੋਫਾਈਲਾਂ ਚਲਾ ਸਕਦੇ ਹਨ।

### *ਹਾਈਪਰਲਿੰਕ ਰਾਹੀਂ MyCap ਤੇ ਅਧਿਐਨ ਵਿੱਚ ਸ਼ਾਮਲ ਹੋਣਾ*

1. **ਹਾਈਪਰਲਿੰਕ ਨੂੰ ਦਬਾਓ:** ਆਪਣੇ ਮੋਬਾਈਲ ਡਿਵਾਈਸ ਤੋਂ, ਅਧਿਐਨ ਟੀਮ ਦੁਆਰਾ ਪ੍ਰਦਾਨ ਕੀਤੀ ਗਈ ਈਮੇਲ, ਟੈਕਸਟ ਜਾਂ ਵੈੱਬਪੰਨੇ ਤੇ **ਇਸ MyCap ਲਿੰਕ ਤੇ ਕਲਿੱਕ ਕਰੋ** ਦਬਾਓ। ਜੇਕਰ ਤੁਹਾਡੇ ਕੋਲ MyCap ਇੰਸਟਾਲ ਨਹੀਂ ਹੈ, ਤਾਂ MyCap ਇੰਸਟਾਲ ਕਰਨ ਲਈ ਤੁਹਾਨੂੰ ਤੁਹਾਡੇ ਡਿਵਾਈਸ ਦੇ ਐਪ ਸਟੋਰ ਤੇ ਲਿਜਾਇਆ ਜਾਵੇਗਾ।
2. **ਐਪ ਖੋਲ੍ਹੋ**।
3. **ਨੋਟੀਫਿਕੇਸ਼ਨਾਂ ਦੀ ਇਜਾਜ਼ਤ ਦਿਓ:** ਤੁਹਾਡਾ ਡਿਵਾਈਸ ਪੁੱਛੇਗਾ ਕਿ ਕੀ ਤੁਸੀਂ MyCap ਤੋਂ **ਨੋਟੀਫਿਕੇਸ਼ਨਾਂ** ਦੀ ਇਜਾਜ਼ਤ ਦੇਣਾ ਚਾਹੁੰਦੇ ਹੋ। **ਇਜਾਜ਼ਤ ਦਿਓ** ਦਬਾਓ। ਤੁਸੀਂ ਅਗਲੇ ਕਦਮ ਵਿੱਚ ਅਧਿਐਨ ਲਈ ਨੋਟੀਫਿਕੇਸ਼ਨਾਂ ਨੂੰ ਬੰਦ ਕਰ ਸਕਦੇ ਹੋ।
4. **ਪ੍ਰੋਫਾਈਲ ਚੁਣੋ/ਬਣਾਓ:** ਅਧਿਐਨ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ, ਤੁਹਾਨੂੰ MyCap ਪ੍ਰੋਫਾਈਲ ਦੀ ਲੋੜ ਹੋਵੇਗੀ। ਤੁਸੀਂ **ਪ੍ਰਾਈਮਰ ਪ੍ਰੋਫਾਈਲ** ਚੁਣ ਸਕਦੇ ਹੋ ਅਤੇ ਆਪਣਾ **ਨਾਮ** ਸ਼ਾਮਲ ਕਰਨ ਲਈ ਇਸਨੂੰ ਸੰਪਾਦਿਤ ਕਰ ਸਕਦੇ ਹੋ ਜਾਂ **ਪ੍ਰੋਫਾਈਲ ਬਣਾਓ**ਦਬਾ ਸਕਦ ਹੋ। ਅਸੀਂ ਤੁਹਾਨੂੰ **6-ਅੰਕੀ ਪਾਸਕੋਡ ਨੂੰ ਯੋਗ** ਬਣਾਉਣ ਲਈ ਉਤਸ਼ਾਹਿਤ ਕਰਦੇ ਹਾਂ।
5. **ਅਧਿਐਨ ਵਿੱਚ ਸ਼ਾਮਲ ਹੋਵੋ: ਡਾਇਨਮਿਕ ਲਿੰਕ ਤੋਂ ਇੱਕ ਅਧਿਐਨ ਵਿੱਚ ਸ਼ਾਮਲ ਹੋਣ ਲਈ ਕਲਿੱਕ ਕਰੋ** ਦਬਾਓ।

6. **ਅਧਿਐਨ ਨੋਟੀਫਿਕੇਸ਼ਨਾਂ ਦੀ ਇਜਾਜ਼ਤ ਦਿਓ:** ਅਧਿਐਨ ਦੀ ਸੁਆਗਤ ਸਕ੍ਰੀਨ ਤੇ ਨਜ਼ਰ ਮਾਰਨ ਲਈ **ਅੱਗੇ** ਦਬਾਓ ਅਤੇ **ਇਸ ਅਧਿਐਨ ਲਈ ਨੋਟੀਫਿਕੇਸ਼ਨਾਂ** ਦੀ ਆਗਿਆ ਦਿਓ। MyCap ਨੋਟੀਫਿਕੇਸ਼ਨਾਂ ਤੁਹਾਨੂੰ ਬਾਕੀ ਰਹਿੰਦੀਆਂ ਗਤੀਵਿਧੀਆਂ ਅਤੇ ਅਧਿਐਨ ਟੀਮ ਤੋਂ ਨਵੇਂ ਸੁਨੇਹਿਆਂ ਬਾਰੇ ਯਾਦ ਦਵਾਏਗੀ।




## *MyCap ਤੇ QR ਕੋਡ ਰਾਹੀਂ ਅਧਿਐਨ ਵਿੱਚ ਸ਼ਾਮਲ ਹੋਣਾ*

1. **ਐਪ ਇੰਸਟਾਲ ਕਰੋ:** ਆਪਣੇ ਡਿਵਾਈਸ ਦੇ ਐਪ ਸਟੋਰ ਤੋਂ ਐਪ ਡਾਊਨਲੋਡ ਕਰੋ।
2. **ਐਪ ਖੋਲ੍ਹੋ।**
3. **ਨੋਟੀਫਿਕੇਸ਼ਨਾਂ ਦੀ ਇਜਾਜ਼ਤ ਦਿਓ:** ਤੁਹਾਡਾ ਡਿਵਾਈਸ ਪੁੱਛੇਗਾ ਕਿ ਕੀ ਤੁਸੀਂ MyCap ਤੋਂ **ਨੋਟੀਫਿਕੇਸ਼ਨਾਂ** ਦੀ ਇਜਾਜ਼ਤ ਦੇਣਾ ਚਾਹੁੰਦੇ ਹੋ। **ਇਜਾਜ਼ਤ ਦਿਓ** ਦਬਾਓ। ਤੁਸੀਂ ਅਗਲੇ ਕਦਮ ਵਿੱਚ ਅਧਿਐਨ ਲਈ ਨੋਟੀਫਿਕੇਸ਼ਨਾਂ ਨੂੰ ਬੰਦ ਕਰ ਸਕਦੇ ਹੋ।
4. **ਪ੍ਰੋਫਾਈਲ ਚੁਣੋ/ਬਣਾਓ:** ਅਧਿਐਨ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ, ਤੁਹਾਨੂੰ MyCap ਪ੍ਰੋਫਾਈਲ ਦੀ ਲੋੜ ਹੋਵੇਗੀ। ਤੁਸੀਂ ਜਾਂ ਤਾਂ **ਪ੍ਰਾਈਮਰੀ ਪ੍ਰੋਫਾਈਲ** ਚੁਣ ਸਕਦੇ ਹੋ ਅਤੇ ਆਪਣਾ **ਨਾਮ** ਸ਼ਾਮਲ ਕਰਨ ਲਈ ਇਸਨੂੰ ਸੰਪਾਦਿਤ ਕਰ ਸਕਦੇ ਹੋ ਜਾਂ **ਪ੍ਰੋਫਾਈਲ ਬਣਾਓ**ਦਬਾ ਸਕਦ ਹੋ। ਅਸੀਂ ਤੁਹਾਨੂੰ **6-ਅੰਕੀ ਪਾਸਕੋਡ ਨੂੰ ਯੋਗ** ਬਣਾਉਣ ਲਈ ਉਤਸ਼ਾਹਿਤ ਕਰਦੇ ਹਾਂ।
5. **ਪ੍ਰੋਜੈਕਟ ਵਿੱਚ ਸ਼ਾਮਲ ਹੋਵੋ: ਪ੍ਰੋਜੈਕਟ ਵਿੱਚ ਸ਼ਾਮਲ ਹੋਵੋ** ਦਬਾਓ ਅਤੇ ਫਿਰ **QR ਕੋਡ ਸਕੈਨ ਕਰੋ** ਦਬਾਓ। MyCap QR ਕੋਡ ਦੀ ਤਸਵੀਰ ਲੈਣ ਲਈ ਤੁਹਾਡੇ ਕੈਮਰਾ ਤੱਕ ਪਹੁੰਚ ਕਰਨ ਲਈ ਇਜਾਜ਼ਤ ਮੰਗ ਸਕਦਾ ਹੈ। **ਠੀਕ ਹੈ** ਤੇ ਕਲਿੱਕ ਕਰੋ ਅਤੇ ਪ੍ਰਦਾਨ ਕੀਤੇ QR ਕੋਡ ਨੂੰ ਸਕੈਨ ਕਰੋ।
6. **ਅਧਿਐਨ ਨੋਟੀਫਿਕੇਸ਼ਨਾਂ ਦੀ ਇਜਾਜ਼ਤ ਦਿਓ:** ਅਧਿਐਨ ਦੀ ਸੁਆਗਤ ਸਕ੍ਰੀਨ ਤੇ ਨਜ਼ਰ ਮਾਰਨ ਲਈ **ਅੱਗੇ** ਦਬਾਓ ਅਤੇ **ਇਸ ਅਧਿਐਨ ਲਈ ਨੋਟੀਫਿਕੇਸ਼ਨਾਂ** ਦੀ ਆਗਿਆ ਦਿਓ। MyCap ਨੋਟੀਫਿਕੇਸ਼ਨਾਂ ਤੁਹਾਨੂੰ ਬਾਕੀ ਰਹਿੰਦੀਆਂ ਗਤੀਵਿਧੀਆਂ ਅਤੇ ਅਧਿਐਨ ਟੀਮ ਤੋਂ ਨਵੇਂ ਸੁਨੇਹਿਆਂ ਬਾਰੇ ਯਾਦ ਦਵਾਏਗੀ।




## MyCap ਐਪ ਵਿੱਚ ਨੈਵੀਗੇਟ ਕਰਨਾ

ਹੇਠਾਂ ਦਿਖਾਈਆਂ ਗਈਆਂ ਤਸਵੀਰਾਂ ਦਿਖਾਉਂਦੀਆਂ ਹਨ ਕਿ ਤੁਸੀਂ MyCap ਵਿੱਚ ਜਾਣਕਾਰੀ ਨੂੰ ਕਿੱਥੇ ਦੇਖ ਸਕਦੇ ਹੋ ਅਤੇ ਐਕਸੈਸ ਕਰ ਸਕਦੇ ਹੋ।

- **ਗਤੀਵਿਧੀਆਂ**: ਸਾਰੀਆਂ ਮੌਜੂਦਾ, ਬਾਕੀ ਰਹਿੰਦੀਆਂ ਅਤੇ ਆਉਣ ਵਾਲੀਆਂ ਗਤੀਵਿਧੀਆਂ ਦੇਖੋ।

- **ਸੁਨੇਹੇ**: ਅਧਿਐਨ ਟੀਮ ਨੂੰ ਸੁਨੇਹੇ ਭੇਜੋ ਅਤੇ ਪ੍ਰਾਪਤ ਕਰੋ।
- **ਪ੍ਰੋਜੈਕਟ**: ਅਧਿਐਨ**ਬਾਰੇ**ਜਾਣਕਾਰੀ, ਅਧਿਐਨ **ਸੰਪਰਕਾਂ**, ਅਤੇ ਅਧਿਐਨ ਟੀਮ ਦੁਆਰਾ ਪ੍ਰਦਾਨ ਕੀਤੇ ਵੈੱਬ**ਲਿੰਕ** ਤੱਕ ਪਹੁੰਚ ਪ੍ਰਾਪਤ ਕਰੋ।
- **ਪ੍ਰੋਫਾਈਲ**: ਆਪਣੇ ਅਧਿਐਨ ਦੇਖੋ ਅਤੇ ਪੈੱਨਸਿਲ ਆਇਕਨ ਦੀ ਵਰਤੋਂ ਕਰਕੇ ਆਪਣਾ ਪ੍ਰੋਫਾਈਲ ਨਾਮ, ਪਾਸਕੋਡ ਅਤੇ ਤਸਵੀਰ ਕਸਟਮਾਈਜ਼ ਕਰੋ।

